# SUPNIAN DE DASATKHAT: KAAVI PARVACHAN DI PRASANGKITA

# ਸੁਪਨਿਆਂ ਦੇ ਦਸਤਖ਼ਤ : ਕਾਵਿ-ਪ੍ਰਵਚਨ ਦੀ ਪ੍ਰਸੰਗਿਕਤਾ

ਡਾ. ਨਰੇਸ਼ ਕੁਮਾਰ (Dr. Naresh Kumar)
(ਐਸੋਸੀਏਟ ਪ੍ਰੋਫ਼ੈਸਰ ਅਤੇ ਨਿਗਰਾਨ)

ਅਮ੍ਰਿਤਪਾਲ ਸਿੰਘ (Amritpal Singh)
(ਖੋਜਾਰਥੀ)

ਪੰਜਾਬੀ ਅਤੇ ਡੋਗਰੀ ਵਿਭਾਗ,
ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ (H.P.)

Email ID: nareshaman2002@hpcu.ac.in ਮੋਬਾਈਲ: +91- 98788-89269

**ABSTRACT**

*ਗੁਰਪ੍ਰੀਤ ਗੀਤ ਅਜੋਕੇ ਸਮੇਂ ਦੀ ਅਜਿਹੀ ਕਵਿੱਤਰੀ ਹੈ, ਜਿਸਨੇ ਇਸ ਸਮੇਂ ਦੇ ਸੱਚ ਦੇ ਆਰ-ਪਾਰ ਵੇਖਣ ਵਾਲੀ ਕਵਿਤਾ ਨੂੰ ਸਿਰਜਿਆ ਹੈ। ਜ਼ਿੰਦਗੀ ਦੇ ਗੁੰਝਲਦਾਰ ਪਹਿਲੂਆਂ ਨੂੰ ਆਮ ਦ੍ਰਿਸ਼ਾਂ ਵਿੱਚੋਂ ਮੂਰਤੀਮਾਨ ਕਰਨਾ ਇਸ ਕਵਿਤਾ ਦੀ ਖ਼ੂਬੀ ਹੈ। ਗੁਰਪ੍ਰੀਤ ਗੀਤ ਦੀ ਕਵਿਤਾ ਤਤਕਾਲੀ ਸੱਚ ਦਾ ਏਨੇ ਵਿਲੱਖਣ ਮੁਹਾਵਰੇ ਨਾਲ ਸਿਰਜਣ ਕਰਦੀ ਹੈ ਕਿ ਇਹ ਕਵਿਤਾ ਸਮਕਾਲੀ ਕਵਿਤਾ ਨਾਲੋਂ ਵਿੱਥ ਸਥਾਪਿਤ ਕਰਕੇ ਅਪਣੀ ਅੱਡਰੀ ਹੋਂਦ ਸਥਾਪਿਤ ਕਰਦੀ ਲੈਂਦੀ ਹੈ। ਉਸਦੀ ਕਵਿਤਾ ਪ੍ਰਾਕਿਰਤਕ ਚਿੰਨ੍ਹਾਂ ਰਾਹੀਂ ਆਪਣਾ ਪ੍ਰਵਚਨ ਸਿਰਜਦੀ ਹੈ। ਆਪਣੇ ਆਲੇ ਦੁਆਲੇ ਦੇ ਪ੍ਰਾਕ੍ਰਿਤਕ ਦ੍ਰਿਸ਼ਾਂ ਨੂੰ ਕਾਵਿ ਪ੍ਰੇਰਕ ਵਜੋਂ ਅਪਣਾਉਣਾ ਵੀ ਗੁਰਪ੍ਰੀਤ ਗੀਤ ਦੀ ਕਵਿਤਾ ਦਾ ਪ੍ਰਮੁੱਖ ਗੁਣ ਹੈ। ਗੁਰਪ੍ਰੀਤ ਗੀਤ ਦੀ ਕਵਿਤਾ ਪ੍ਰਕਿਰਤਕ ਤਸ਼ਬੀਹਾਂ ਦੀ ਕਵਿਤਾ ਹੈ। ਇਹ ਪ੍ਰਾਕਿਰਤਕ ਦ੍ਰਿਸ਼ ਉਸਦੀ ਕਾਵਿ ਸਿਰਜਣਾ ਦੇ ਮੂਲ ਆਧਾਰ ਹਨ। ਇਹਨਾਂ ਦ੍ਰਿਸ਼ਾਂ ਵਿੱਚੋਂ ਹੀ ਗੀਤ ਦੀ ਕਵਿਤਾ ਆਪਣੇ ਬਿੰਬ ਘੜਦੀ/ਉਸਾਰਦੀ ਹੈ। ਗੁਰਪ੍ਰੀਤ ਗੀਤ ਦੀ ਕਵਿਤਾ ਪੇਚੀਦਾ ਮਸਲਿਆਂ ਦੀ ਗੱਲ ਕਰਨ ਵੇਲੇ ਆਪਣਾ ਮੁਹਾਵਰਾ ਸਰਲ ਹੀ ਬਣਾ ਰੱਖਦੀ ਹੈ। ਗੁਰਪ੍ਰੀਤ ਗੀਤ ਅਜੋਕੇ ਸਮੇਂ ਦੀ ਨਵੇਂ ਮੁਹਾਂਦਰੇ ਨਾਲ ਕਵਿਤਾ ਰਚਨ ਵਾਲੀ ਵਿਲੱਖਣ ਹਸਤਾਖ਼ਰ ਹੈ। ਇਹ ਕਵਿਤਾ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਅਪਣੇ ਭਾਸ਼ਾਈ ਅਤੇ ਵਿਚਾਰਧਾਰਾਈ ਵਿਲੱਖਣਤਾਵਾਂ ਸਮੇਤ ਦਰਜ ਹੋ ਚੁੱਕੀ ਹੈ। ਪਰ ਇਸ ਕਵਿਤਾ ਦੀਆਂ ਸੀਮਾਵਾਂ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਜਿਵੇਂ ਕਿ ਇਹ ਕਵਿਤਾ ਵਿੱਚ ਅੰਗਰੇਜ਼ੀ ਦੇ ਸ਼ਬਦਾਂ ਦਾ ਵਰਤੋਂ ਮਿਲਦੀ ਹੈ ਜੋ ਇਸਦੇ ਸੁਹਜ ਦੇ ਵਹਾਅ ਵਿੱਚ ਬੰਧਨ ਬਣਦੇ ਹਨ। ਇਹ ਕਵਿਤਾ ਅੰਤਰਮੁਖੀ ਪ੍ਰਵਿਰਤੀ ਦਾ ਹੋਣ ਕਰਕੇ ਅਜੋਕੇ ਸਮਾਜਿਕ, ਰਾਜਨੀਤਕ ਵਿਗਾੜਾਂ ਉੱਪਰ ਅੰਸ਼ਿਕ ਰੂਪ ਵਿੱਚ ਹੀ ਗੱਲ ਕਰਦੀ ਹੈ।*

***ਕੀਵਰਡ* : ਪੰਜਾਬੀ ਕਵਿਤਾ, ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਕਾਵਿ-ਪ੍ਰਵਚਨ, ਪ੍ਰਾਕਿਰਤਕ ਚਿੰਨ੍ਹ ।**

ਅਜੋਕੀ ਪੰਜਾਬੀ ਕਵਿਤਾ ਏਨੀ ਸਮੱਰਥ ਹੋ ਚੁੱਕੀ ਹੈ ਕਿ ਇਸਨੇ ਸਾਡੇ ਸਮਿਆਂ ਦੇ ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਵਿਅਕਤੀਗਤ ਸੰਕਟਾਂ ਦੀ ਪੁਣ-ਛਾਣ ਕਰਕੇ ਅਪਣੀ ਪ੍ਰਤੀਕਿਰਿਆ ਦੇਣ ਵਿੱਚ ਆਬੂਰ ਹਾਸਿਲ ਕਰ ਲਿਆ ਹੈ। ਇਹ ਕਵਿਤਾ ਸਮੇਂ-ਸਮੇਂ 'ਤੇ ਆਪਣੇ ਮੌਲਿਕ ਕਾਵਿ-ਬੋਧ ਰਾਹੀਂ ਦਰਪੇਸ਼ ਸੰਕਟਾਂ ਪ੍ਰਤੀ ਆਪਣੀ ਸਿਰਜਣਾਤਮਿਕ ਅਭਿਵਿਅਕਤੀ ਦਿੰਦੀ ਨਜ਼ਰ ਆਉਂਦੀ ਹੈ। ਏਨਾ ਹੀ ਨਹੀਂ ਅਜੋਕੀ ਪੰਜਾਬੀ ਕਵਿਤਾ ਸਮਕਾਲੀ ਕਾਵਿ-ਬੋਧ ਦੇ ਨਾਲ-ਨਾਲ ਨਵੀਆਂ ਕਾਵਿਕ ਬਣਤਰਾਂ ਨੂੰ ਵੀ ਅਪਣਾ ਰਹੀ ਹੈ।

ਅਜੋਕੀ ਪੰਜਾਬੀ ਕਵਿਤਾ ਦੀ ਨਵੀਂ ਨੁਹਾਰ ਘੜਨ ਵਿੱਚ ਨੌਜਵਾਨ ਪੀੜੀ ਨੇ ਵੀ ਅਹਿਮ ਰੋਲ ਨਿਭਾਇਆ ਹੈ। ਅੱਜ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਕਿੰਨੇ ਹੀ ਨੌਜਵਾਨ ਸ਼ਾਇਰ ਆਪਣੀ ਵਿਲੱਖਣ ਸਿਰਜਣ ਸਮੱਰਥਾ ਦਾ ਸਬੂਤ ਦੇ ਰਹੇ ਹਨ। ਇਹ ਕਵੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਨਵੀਆਂ ਕਾਵਿਕ ਬਣਤਰਾਂ, ਨਵੀਂ ਬਿੰਬਾਵਲੀ ਅਤੇ ਨਵੇਂ ਸਰੋਕਾਰਾਂ ਦੀ ਗੱਲ ਕਰ ਰਹੇ ਹਨ। ਇਹਨਾਂ ਨੌਜਵਾਨਾਂ ਵਿੱਚੋਂ ਹੀ ਇੱਕ ਵਿਲੱਖਣ ਪ੍ਰਤਿਭਾਵਾਨ ਕਵਿੱਤਰੀ ਦਾ ਨਾਂ ਹੈ ਗੁਰਪ੍ਰੀਤ ਗੀਤ। ਗੁਰਪ੍ਰੀਤ ਗੀਤ ਦਾ ਜਨਮ 2 ਦਸੰਬਰ 1990 ਨੂੰ ਪਿੰਡ ਪੰਡੋਰੀ ਨਿੱਝਰਾਂ, ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਉਸਦੀ ਦੀ ਸਕੂਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਪੂਰੀ ਹੋਈ। ਬੀ.ਏ ਦੀ ਪੜ੍ਹਾਈ ਰਾਮਗੜ੍ਹੀਆ ਕਾਲਜ, ਫਗਵਾੜਾ ਅਤੇ ਐਮ. ਏ. ਖ਼ਾਲਸਾ ਕਾਲਜ, ਜਲੰਧਰ ਵਿੱਚ ਹੋਈ। ਗੁਰਪ੍ਰੀਤ ਗੀਤ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਵਿਤਾ ਲਿਖਣ ਨਾਲ ਕੀਤੀ। ਹੁਣ ਤੱਕ ਗੁਰਪ੍ਰੀਤ ਗੀਤ ਦੀ ਇੱਕੋ-ਇੱਕ ਕਿਤਾਬ **ਸੁਪਨਿਆਂ ਦੇ ਦਸਤਖ਼ਤ**

(2020) ਪ੍ਰਕਾਸ਼ਿਤ ਹੋਈ ਮਿਲਦੀ ਹੈ। ਪਰ ਇਸ ਕਿਤਾਬ ਨਾਲ ਇਹ ਦੁਖਾਂਤ ਵੀ ਜੁੜਿਆ ਹੈ ਕਿ ਗੁਰਪ੍ਰੀਤ ਗੀਤ ਦੇ ਜਹਾਨ ਤੋਂ ਤੁਰ ਜਾਣ ਦੇ ਦਿਨ (20 ਜੂਨ 2020) ਹੀ ਇਹ ਕਿਤਾਬ ਛਪ ਕੇ ਆਈ ਸੀ। ਇਸ ਕਿਤਾਬ ਨੂੰ ਪੰਜਾਬੀ ਸਮਕਾਲੀ ਕਵਿਤਾ ਦੇ ਖੇਤਰ ਦੀ ਵਿਲੱਖਣ ਅਤੇ ਮਹੱਤਵਪੂਰਨ ਪ੍ਰਾਪਤੀ ਵਜੋਂ ਆਂਕਿਆ ਜਾ ਰਿਹਾ ਹੈ। ਇਹ ਕਿਤਾਬ ਗੁਰਪ੍ਰੀਤ ਗੀਤ ਦੀ ਸਿਰਜਣਾਤਮਿਕ ਸਮੱਰਥਾ ਅਤੇ ਸੂਝ ਦਾ ਦਸਤਾਵੇਜ਼ ਵੀ ਹੈ।

ਗੁਰਪ੍ਰੀਤ ਗੀਤ ਦੀ ਕਵਿਤਾ ਤਤਕਾਲੀ ਸੱਚ ਦਾ ਏਨੇ ਵਿਲੱਖਣ ਮੁਹਾਵਰੇ ਨਾਲ ਸਿਰਜਣ ਕਰਦੀ ਹੈ ਕਿ ਇਹ ਕਵਿਤਾ ਸਮਕਾਲੀ ਕਵਿਤਾ ਨਾਲੋਂ ਵਿੱਥ ਸਥਾਪਿਤ ਕਰਕੇ ਅਪਣੀ ਅੱਡਰੀ ਹੋਂਦ ਸਥਾਪਿਤ ਕਰਦੀ ਲੈਂਦੀ ਹੈ। ਉਸਦੀ ਕਵਿਤਾ ਪ੍ਰਾਕਿਰਤਕ ਚਿੰਨ੍ਹਾਂ ਰਾਹੀਂ ਆਪਣਾ ਪ੍ਰਵਚਨ ਸਿਰਜਦੀ ਹੈ। ਆਪਣੇ ਆਲੇ ਦੁਆਲੇ ਦੇ ਪ੍ਰਾਕ੍ਰਿਤਕ ਦ੍ਰਿਸ਼ਾਂ ਨੂੰ ਕਾਵਿ ਪ੍ਰੇਰਕ ਵਜੋਂ ਅਪਣਾਉਣਾ ਵੀ ਗੁਰਪ੍ਰੀਤ ਗੀਤ ਦੀ ਕਵਿਤਾ ਦਾ ਪ੍ਰਮੁੱਖ ਗੁਣ ਹੈ। ਗੁਰਪ੍ਰੀਤ ਗੀਤ ਦੀ ਕਵਿਤਾ ਪ੍ਰਕਿਰਤਕ ਤਸ਼ਬੀਹਾਂ ਦੀ ਕਵਿਤਾ ਹੈ। ਇਹ ਪ੍ਰਾਕਿਰਤਕ ਦ੍ਰਿਸ਼ ਉਸਦੀ ਕਾਵਿ ਸਿਰਜਣਾ ਦੇ ਮੂਲ ਆਧਾਰ ਹਨ। ਇਹਨਾਂ ਦ੍ਰਿਸ਼ਾਂ ਵਿੱਚੋਂ ਹੀ ਗੀਤ ਦੀ ਕਵਿਤਾ ਆਪਣੇ ਬਿੰਬ ਘੜਦੀ/ਉਸਾਰਦੀ ਹੈ। ਕਵਿਤਾ ਵਿੱਚ ਇਹ ਪ੍ਰਾਕਿਰਤਕ ਦ੍ਰਿਸ਼ ਹਮੇਸ਼ਾ ਹੀ ਸਾਡੇ ਮਨੋਭਾਵਾਂ ਨੂੰ ਅਭਿਵਿਅਕਤ ਕਰਨ ਦਾ ਸੁਹਜਮਈ ਸਾਧਨ ਰਹੇ ਹਨ। ਪ੍ਰਾਕ੍ਰਿਤਕ ਦ੍ਰਿਸ਼ਾਂ ਦਾ ਅਰਥ ਨਿਰਧਾਰਨ ਵੀ ਸਾਡੀ ਮਨੋਦਸ਼ਾ ਦਾ ਹੀ ਪ੍ਰਤੀਬਿੰਬ ਹੁੰਦਾ ਹੈ। ਵਿਅਕਤੀਗਤ ਮਨੋਦਸ਼ਾ ਦੇ ਅਨੁਸਾਰ ਕਿਸੇ ਦ੍ਰਿਸ਼ ਦੇ ਆਪਣੇ ਕਿੰਨੇ ਹੀ ਮਾਇਨੇ ਬਦਲ ਜਾਂਦੇ ਹਨ। ਗੁਰਪ੍ਰੀਤ ਗੀਤ ਦੀ ਕਵਿਤਾ ਦਾ ਅਧਾਰ ਬਿੰਦੂ ਵੀ ਉਸਦੇ ਸਵੈ ਅਤੇ ਪ੍ਰਕਿਰਤੀ ਦੀ ਅੰਤਰ ਸੰਬੰਧਿਕਤਾ ਹੀ ਹੈ। ਕਵਿਤਾ ਦੇ ਇਸ ਤੱਤ ਸੰਬੰਧੀ ਅਤਰ ਸਿੰਘ ਦੀ ਧਾਰਨਾ ਹੈ :-

*ਮਨੁੱਖ ਆਪਣੀ ਮਨ ਦੀ ਅਵਸਥਾ ਦੇ ਝਲਕਾਰੇ ਕੁਦਰਤ ਦੇ ਬਾਹਰਲੇ ਸਰੂਪ ਵਿੱਚ ਵਜਦੇ ਵੇਖਦਾ ਹੈ। ਮਨੁੱਖ ਦਾ ਕੁਦਰਤ ਨਾਲ ਇਹ ਸਬੰਧ ਦੋ ਮੁਖੀ ਹੁੰਦਾ ਹੈ। ਕਈ ਵਾਰ ਤਾਂ ਕੋਈ ਝਟਕਦੀ ਕਲ਼ੀ, ਕੋਈ ਕੂਕਦੀ ਕੋਇਲ ਜਾਂ ਸੂਕਦੀ ਨਦੀ ਮਨੁੱਖੀ ਮਨ ਦੀਆਂ ਤਰੰਗਾਂ ਵਿੱਚ ਇੱਕ ਅਜਿਹਾ ਉਬਾਲ ਪੈਦਾ ਕਰ ਦਿੰਦੀ ਹੈ ਕਿ ਉਹ ਆਪ-ਮੁਹਾਰਾ ਕਵਿਤਾ ਦਾ ਰੂਪ ਧਾਰ ਕੇ ਵਹਿ ਤੁਰਦਾ ਹੈ।* [1]

ਗੁਰਪ੍ਰੀਤ ਗੀਤ ਦੀ ਕਵਿਤਾ ਦੀ ਸਿਰਜਣਾ ਦਾ ਪ੍ਰੇਰਕ ਵੀ ਪ੍ਰਕਿਰਤਕ ਆਲਾ-ਦੁਆਲਾ ਬਣਦਾ ਹੈ। ਗੁਰਪ੍ਰੀਤ ਗੀਤ ਪ੍ਰਕਿਰਤੀ ਵਿਚਲੇ ਆਮ ਦਿਸਣ ਵਾਲੇ ਦ੍ਰਿਸ਼ਾਂ, ਵਸਤਾਂ ਅਤੇ ਘਟਨਾਵਾਂ ਵਿੱਚੋਂ ਕਵਿਤਾ ਸਿਰਜ ਲੈਂਦੀ ਹੈ। ਗੁਰਪ੍ਰੀਤ ਗੀਤ ਆਪਣੀ ਸਿਰਜਣ ਪ੍ਰਕਿਰਿਆ ਅਤੇ ਕਵਿਤਾ ਨੂੰ ਆਪ ਵੀ ਇਸ ਹੀ ਸੰਦਰਭ ਵਿੱਚ ਪ੍ਰਭਾਸ਼ਿਤ ਕਰਦੀ ਨਜ਼ਰ ਆਉਂਦੀ ਹੈ :-

ਮੇਰੇ ਲਈ ਕਵਿਤਾ ਲਿਖਣਾ ਬਾਰਿਸ਼ ਪਿੱਛੋਂ ਆ ਰਹੀ ਮਿੱਟੀ ਦੀ ਮਹਿਕ ਇੱਕਠੀ ਕਰਨਾ ਹੈ, ਤੇ ਬਾਰਿਸ਼ ਦੀ ਅਣਹੋਂਦ 'ਚ ਕਣੀ ਲਈ ਤੜਪਣਾ ਵੀ, ਜਦੋਂ ਕਿਧਰੇ ਵੀ ਕਣੀ ਨਾ ਬਰਸੇ ਮਿੱਟੀ ਦੀ ਮਹਿਕ ਦਾ ਤਸੱਵਰ ਹੋਰ ਤੇਜ਼ ਹੋ ਜਾਂਦਾ ਹੈ। [2]

ਪ੍ਰਕਿਰਤੀ ਵਿਚਲੇ ਆਮ ਦਿਸਣ ਵਾਲੇ ਦ੍ਰਿਸ਼ਾਂ ਵਿੱਚੋਂ ਗੁਰਪ੍ਰੀਤ ਗੀਤ ਦੀ ਕਵਿਤਾ ਕਿਵੇਂ ਉਗਮਦੀ ਹੈ। ਅਜਿਹੀ ਇਕ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ :-

*ਤੰਗ ਬੀਹੀ 'ਚ ਖੇਡਦੇ ਬੱਚੇ*
*ਗੁਬਾਰੇ ਮੰਗਦੇ*
*ਵਾਜੇ ਵਾਲੇ ਤੋਂ ਵਾਜਾ ਖ਼ਰੀਦਦੇ*
*ਜੋ ਨਹੀ ਖ਼ਰੀਦ ਸਕਦੇ ਵਾਜਾ*
*ਉਹ ਲਗਾਤਾਰ*
*ਡਰੱਮ, ਪੀਪੇ ਵਜਾਉਂਦੇ*
*ਬੇਸੁਰ ਤੇ ਬੇਤਾਲ*
*ਨੱਚਦੇ*
*ਜ਼ਿੰਦਗੀ ਦੀ ਗੁਆਚੀ ਧੁਨ ਲੱਭਦੇ।* [3]

ਗੁਰਪ੍ਰੀਤ ਗੀਤ ਦੀ ਕਵਿਤਾ ਪ੍ਰਕਿਰਤੀ ਨਾਲ ਇਕਸੁਰਤਾ ਸਥਾਪਿਤ ਕਰਦੀ ਹੋਈ ਆਲੇ ਦੁਆਲੇ ਨਾਲ ਕਰੀਬੀ ਰਿਸ਼ਤੇ ਸਥਾਪਿਤ ਕਰ ਲੈਂਦੀ ਹੈ। ਇਹ ਕਵਿਤਾ ਆਪਣੇ ਆਲੇ-ਦੁਆਲੇ ਦੀਆਂ ਨਿਰਜੀਵ ਵਸਤਾਂ ਨੂੰ ਜੀਵੰਤ ਬਣਾ ਕੇ ਆਪਣੇ ਪ੍ਰਵਚਨ ਦਾ ਅਧਾਰ ਸਿਰਜਦੀ ਹੈ। ਦਿਸਦੇ ਸਿਥਲ ਪਸਾਰੇ ਨੂੰ ਗਤੀਸ਼ੀਲਤਾ ਦੇ ਅਰਥਾਂ ਵਿੱਚ ਬੰਨ੍ਹ ਕੇ ਕਾਵਿ ਸਿਰਜਣ ਤੱਕ ਲੈ ਜਾਣ ਦਾ ਕਾਰਜ ਗੁਰਪ੍ਰੀਤ ਗੀਤ ਸਹਿਜੇ ਹੀ ਕਰ ਦਿੰਦੀ ਹੈ। ਕਵਿਤਾ ਦੀ ਇਹ ਖ਼ੂਬੀ ਕਵੀ ਦੀ ਗਹਿਨ ਗੰਭੀਰ ਬੀਨਾਈ ਦਾ ਪ੍ਰਮਾਣ ਹੈ। ਇਹ ਸਿਥਲ ਦ੍ਰਿਸ਼ ਇਸ ਕਵਿਤਾ ਵਿੱਚ ਕਿਰਿਆਸ਼ੀਲ ਹੋ ਕੇ ਕਾਵਿ ਸੁਹਜ ਪੈਦਾ ਕਰਦੇ ਹਨ।

*"ਕਵਿਤਾ ਅਜਿਹੀ ਕਿਸਮ ਦੀ ਕਲਾ ਹੈ ਜੋ ਕੁਦਰਤ ਨਾਲ ਹਮੇਸ਼ਾ ਨੇੜਤਾ ਬਣਾ ਕੇ ਰੱਖਦਾ ਹੈ। ਕੇਵਲ ਇਕ ਆਰਟ ਹੀ ਨਹੀਂ, ਐਪਰ ਆਰਟਾਂ ਵਿੱਚੋਂ ਸ਼੍ਰੋਮਣੀ ਆਰਟ ਹੈ। ਉਹ ਆਰਟ ਜਿਹੜਾ ਸੁੰਦਰਤਾ ਦਾ ਨਰੂਪਣ ਕਰਦਾ*

*ਤੇ ਨਕਸ਼ੇ ਖਿੱਚਦਾ ਹੈ।"* [4]

ਇਸ ਤੱਥ ਨੂੰ ਇਸ ਮਤ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ :-

*ਸ਼ਾਇਰ ਕਈ ਵਾਰ ਅਦਿੱਸ ਹੋਂਦਾ ਨੂੰ, ਅਮੂਰਤ ਤਰਕ ਵਿਚਾਰਾਂ ਨੂੰ, ਸਮੂਰਤ ਹੋਂਦ ਵਾਂਗ ਪੇਸ਼ ਕਰਦਾ ਹੈ। ਸੁਰਗ ਨਰਕ ਦਾ ਚਿੱਤਰ ਇਹੋ ਜਿਹੀ ਦੁਜੈਲੀ ਪ੍ਰਕਿਰਤੀ ਹੈ। ਸ੍ਰਿਸ਼ਟੀ ਰਚਨਾ, ਪਰਲੋ ਆਦਿ ਅਮੂਰਤ ਵਿਚਾਰਾਂ ਦੀ ਕਲਪਨਾ ਸ਼ਕਤੀ ਰਾਹੀਂ ਪੇਸ਼ ਹੋ ਸਕਦੇ ਹਨ। ਕੁਦਰਤ ਦੀਆਂ ਵਸਤਾਂ ਤੇ ਇਹਨਾਂ ਤੋਂ ਉਪਜਣ ਵਾਲੇ ਵਿਚਾਰ ਮੋਹ, ਈਰਖਾ, ਪਿਆਰ, ਸ਼ੋਹਰਤ ਕੁਦਰਤ ਵਿੱਚ ਟੁਕੜਾ-ਟੁਕੜਾ ਪਏ ਹਨ। ਕਲਪਨਾ ਸ਼ਕਤੀ ਇਹਨਾਂ ਨੂੰ ਮੁਕੰਮਲ ਬਿੰਬਾਂ ਵਿੱਚ ਪੇਸ਼ ਕਰਦੀ ਹੈ।* [5]

ਗੁਰਪ੍ਰੀਤ ਗੀਤ ਦੀ ਕਵਿਤਾ ਦੀ ਪ੍ਰਕਿਰਿਆ ਏਨੀ ਸਹਿਜ ਹੈ ਕਿ ਇਸ ਕਵਿਤਾ ਵਿੱਚ ਕਿਧਰੇ ਵੀ ਉਚੇਚ ਨਜ਼ਰ ਨਹੀਂ ਆਉਂਦਾ। ਉਸ ਦੀ ਇਸ ਸਹਿਜਤਾ ਬਾਰੇ ਪਰਮਿੰਦਰ ਸੋਢੀ ਇਸ ਪ੍ਰਕਾਰ ਲਿਖਦੇ ਹਨ :-

*ਇਹ ਕਵਿਤਾ ਕੁਦਰਤ-ਦੇਵੀ ਦੀ ਉਪਮਾ ਵਿੱਚ ਬਲ ਰਹੇ ਉਸ ਚੌਮੁਖੀਏ ਦੀਵੇ ਦੀ ਲੋਅ ਹੈ ਜੋ ਹਰ ਕੁੜੀ ਦੇ ਦਿਲ ਵਿੱਚ ਜਗਦਾ ਰਹਿੰਦਾ ਹੈ। ਚੌਮੁਖੀਆ ਦੀਵਾ ਜਿਸ ਦੀ ਇਕ ਬੱਤੀ ਨਾਲ ਉਸਦਾ ਮਨ ਜਾਗਦਾ ਹੈ, ਦੂਜੀ ਨਾਲ ਪੋਥੀ ਜਾਗਦੀ ਹੈ, ਤੀਜੇ ਨਾਲ ਮੁਹੱਬਤ ਅਤੇ ਚੌਥੀ ਨਾਲ ਉਸ ਦੇ ਆਪਣੇ ਘਰ ਦਾ ਪ੍ਰਕਾਸ਼ ਹੁੰਦਾ ਹੈ।* [6]

ਗੁਰਪ੍ਰੀਤ ਗੀਤ ਦੀ ਕਵਿਤਾ ਸਾਡੇ ਪਸਾਰੇ ਵਿਚਲੀ ਹਰ ਇੱਕ ਬਰੀਕ ਹਰਕਤ ਨੂੰ ਵੇਖਣ ਵਾਲੀ ਖ਼ੁਰਦਬੀਨ ਹੈ। ਜਿਸ ਕਾਰਨ ਉਹ ਇਹਨਾਂ ਦ੍ਰਿਸਾਂ ਨੂੰ ਕਵਿਤਾ ਦੇ ਰੂਪ ਵਿੱਚ ਮੂਰਤੀਮਾਨ ਕਰਨ ਵਿੱਚ ਸਫ਼ਲ ਹੋ ਜਾਂਦੀ ਹੈ। ਇਹਨਾਂ ਦੇ ਮੂਰਤੀਮਾਨ ਹੋਣ ਦੇ ਛਿਣਾਂ ਵਿੱਚੋਂ ਹੀ ਗੁਰਪ੍ਰੀਤ ਗੀਤ ਦੀ ਕਵਿਤਾ ਹੋਂਦ ਗ੍ਰਹਿਣ ਕਰਦੀ ਹੈ :-

*ਇੱਕ ਰੁੱਖ ਹੈ ਧੁੰਦ ਨਾਲ*
*ਲਿਪਟਿਆ ਹੋਇਆ*
*ਹੈ ਤੇਰਾ ਨਾਮ ਦਫ਼ਨ ਪਿਆ ਪੱਤਿਆਂ ਵਿੱਚ*
*ਕੋਹਰੇ ਦੀ ਪਰਤ ਨੇ ਉਲਟਾ ਦਿੱਤੀ ਹੈ ਸਾਰੀ ਧੁਨੀ*
*ਕਦੇ ਸ਼ਖ਼ਾਵਾਂ ਝਟਕਦੀ ਹਾਂ*
*ਕਦੇ ਪੱਤਿਆਂ ਤੋਂ ਝਾੜਦੀ ਹਾਂ ਕੋਹਰਾ*
*ਉਂਗਲਾਂ ਸੀਤ ਹੋ ਜਾਂਦੀਆਂ*
*ਪੁਕਾਰਦੀ ਹਾਂ ਤੇਰਾ ਨਾਮ*
*ਤੇਰੇ ਤੱਕ ਨਹੀਂ ਪੁੱਜਦੀ ਆਵਾਜ਼*
*ਸੂਰਜ ਨੂੰ ਲੱਭਦੀ*
*ਅਸਮਾਨ ਵੱਲ ਤੱਕਦੀ*
*ਅਸਮਾਨ ਵਿਚ ਪਸਰੀ ਹੈ ਗਹਿਰੀ ਧੁੰਦ* [7]

ਗੁਰਪ੍ਰੀਤ ਗੀਤ ਦੀ ਬੀਨਾਈ ਆਪਣੇ ਪਸਾਰੇ ਵਿੱਚੋਂ ਕਵਿਤਾਵਾਂ ਲੱਭਦੀ ਉਹਨਾਂ ਨੂੰ ਆਕਾਰ ਦਿੰਦੀ ਹੈ। ਪ੍ਰਾਕਿਰਤਕ ਪਸਾਰੇ ਨੂੰ ਕਾਵਿਕ ਬਿੰਬਾਂ ਵਿੱਚ ਢਾਲਦੇ ਸਮੇਂ ਉਸ ਦੀ ਭਾਵਨਾਤਮਕ ਤੀਬਰਤਾ ਕਦੇ ਵੀ ਮੱਠੀ ਨਹੀਂ ਪੈਂਦੀ ਜੋ ਕਿ ਉਸਦੀ ਕਵਿਤਾ ਦੀ ਉੱਤਮਤਾ ਹੈ। ਗੀਤ ਦੀ ਕਵਿਤਾ ਅਚੇਤ ਘਟਨਾਵਾਂ ਦਾ ਸਾਕਾਰ ਰੂਪ ਹੈ ਕਿਉਂਕਿ ਇਹ ਕਾਰਜ ਜਿੰਨਾ ਸੁਚੇਤ ਜਾਪਦਾ ਹੈ, ਇਸ ਤੋਂ ਵੱਧ ਕਿਤੇ ਅਚੇਤ ਤੌਰ ਤੇ ਵਾਪਰਦਾ ਹੈ। ਕਵੀ ਦਾ ਅਚੇਤਨ ਹੀ ਹੈ ਜੋ ਪਲਾਂ-ਛਿਣਾਂ ਦੀ ਹਰਕਤ ਨੂੰ ਵੀ ਮੁਕੰਮਲ ਕਵਿਤਾ ਦੇ ਰੂਪ ਵਿੱਚ ਸਾਕਾਰ ਕਰ ਸਕਦਾ ਹੈ। ਇਸ ਸੰਦਰਭ ਵਿੱਚ ਸੁਖਦੇਵ ਸਿੰਘ ਦਾ ਮਤ ਸਹੀ ਜਾਪਦਾ ਹੈ :

*ਕਾਵਿ ਦਾ ਮੂਲ ਸਿਰਜਣ ਸਰੋਤ ਮਨੁੱਖੀ ਅਨੁਭਵ ਹੈ। ਕਾਵਿ ਸਿਰਜਣ ਕਵੀ ਦੇ ਅਚੇਤਨ ਦਾ ਸੁਹਜਮਈ ਚਿੰਨ੍ਹਾਤਮਕ ਪ੍ਰਤੱਖਣ ਹੈ। ਸਿਰਜਣ ਛਿਣਾਂ ਦੀ ਆਵੇਸ਼ਮਈ ਅਵਸਥਾ ਵਿੱਚ ਅਚੇਤ ਮਨ ਵਿੱਚ ਦੱਬੇ ਹੋਏ ਮਨੁੱਖੀ ਜਜ਼ਬੇ ਸੁਹਜਮਈ ਬਿੰਬਾਂ, ਚਿੱਤਰਾਂ ਦਾ ਰੂਪ ਧਾਰ ਕੇ ਬਾਹਰ ਆ ਜਾਂਦੇ ਹਨ।* [8]

ਹਰ ਵਿਅਕਤੀ ਕੋਲ ਆਪਣੇ ਦਮਿਤ ਭਾਵਾਂ ਦੀ ਅਭਿਵਿਅਕਤੀ ਕਰਨ ਲਈ ਵਿਭਿੰਨ ਸਾਧਨ ਹਨ। ਅਜੋਕੇ ਸਮੇਂ ਦਾ ਵਿਅਕਤੀ ਅਨੇਕਾਂ ਰਿਸ਼ਤਿਆਂ ਵਿੱਚ ਘਿਰਿਆ ਹੋਣ ਦੇ ਬਾਵਜੂਦ ਇੱਕਲਤਾ ਭੋਗਦਾ ਹੈ। ਇਸ ਇਕੱਲਤਾ ਵਿੱਚੋਂ ਉਪਜੇ ਸੰਤਾਪ ਨੂੰ ਕਵਿਤਾ ਆਪਣੀ ਭਾਸ਼ਾ ਵਿੱਚ ਪਰਿਭਾਸ਼ਤ ਕਰਦੀ ਹੈ। ਗੁਰਪ੍ਰੀਤ ਗੀਤ ਦੀ ਕਵਿਤਾ ਇਸ ਸੰਤਾਪ ਨੂੰ ਨਿਵੇਕਲੇ ਤਰੀਕੇ ਨਾਲ ਪਰਿਭਾਸ਼ਤ ਕਰਦੀ ਹੈ। ਇਸ ਇਕੱਲਤਾ ਅਤੇ ਬੇਗਾਨਗੀ ਦਾ ਸੰਤਾਪ ਸਿਰਫ਼ ਵਿਅਕਤੀਗਤ ਪੱਧਰ ਤੇ ਨਹੀਂ ਵਾਪਰਦਾ ਸਗੋਂ ਸਾਡੇ ਸਮਾਜਿਕ ਤਾਣੇ ਬਾਣੇ ਨੂੰ ਪ੍ਰਭਾਵਿਤ ਕਰਦਾ ਹੈ। ਅਜੋਕੇ ਰਿਸ਼ਤਿਆਂ ਵਿੱਚ ਮੋਹ ਦੀ ਥਾਂ ਬੇਗਾਨਗੀ ਝਲਕਣ ਲੱਗੀ ਹੈ। ਇਸ ਇਕੱਲਤਾ ਅਤੇ ਬੇਗ਼ਾਨਗੀ ਦਾ ਜ਼ਿਕਰ ਗੀਤ ਦੀ ਕਵਿਤਾ ਦਾ ਮੂਲ ਸਰੋਕਾਰ ਹੈ। ਇਸਦੇ ਪ੍ਰਮਾਣ ਵਜੋਂ ਇਹ ਕਵਿਤਾ ਗੌਰਤਲਬ ਹੈ :-

*ਜਦਕਿ*

*ਪਤਾ ਸੀ ਕਿਸੇ ਵੀ ਹਿੰਦਸੇ ਤੇ*

*ਨਹੀਂ ਰੁਕਦੀ ਦੁਨੀਆਂ*

*ਬਸ ਰੂਹ ਵਟਾਉਂਦੀ*

*ਮੈਂ ਤੋਂ ਤੂੰ*

*ਤੂੰ ਤੋਂ ਤੀਜੇ ਤੱਕ*

*ਤੀਜੇ ਤੋਂ ਊਲ ਜਲੂਲ ਤਕ*

*ਰਿਸ਼ਤਿਆਂ ਦੀ ਭਾਸ਼ਾ 'ਚ*

*ਊਲ ਜਲੂਲ ਜ਼ਰਾ ਹੋਰ ਵੱਧ ਗਿਆ*

*ਚੌਰਾਹਿਆਂ ਤੇ ਵਿਛਿਆ ਘਾਹ ਪੀਲਾ ਪੈ ਰਿਹਾ*

*ਜ਼ਿੰਦਗੀ ਦਾ ਸਫ਼ਰ ਕੋਨੇ 'ਚ ਬੈਠਾ ਝੂਰੀ ਜਾ ਰਿਹਾ* [9]

ਗੁਰਪ੍ਰੀਤ ਗੀਤ ਦੀ ਕਾਵਿ ਦਾ ਮੈਂ ਸਿਰਫ਼ ਮੈਂ ਤੱਕ ਸੀਮਤ ਨਹੀਂ ਸਗੋਂ ਇਹ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਇਹ ਮੈਂ ਪੂਰੇ ਮਾਨਵੀ ਸੰਸਾਰ ਨੂੰ ਆਪਣੇ ਅੰਦਰ ਸਮੇਟ ਕੇ ਆਪਣੇ ਅਰਥਾਂ ਦਾ ਪਸਾਰ ਕਰਦੀ ਹੈ। ਇਹ ਸਾਰਾ ਕੁਝ ਗੁਰਪ੍ਰੀਤ ਗੀਤ ਦੀ ਕਲਪਨਾ ਉਡਾਰੀ ਦਾ ਕਮਾਲ ਹੈ। ਉਸਦੀ ਕਲਪਨਾ ਸ਼ਕਤੀ ਹੀ ਸਾਡੇ ਜੀਵਨ ਦੇ ਆਮ ਦ੍ਰਿਸ਼ਾਂ ਨੂੰ ਕਾਵਿਕ ਜਾਮਾ ਪਹਿਨਾ ਦਿੰਦੀ ਹੈ। ਕਾਵਿ ਦਾ ਬੋਧ ਹਮੇਸ਼ਾ ਕਲਪਨਾ ਤੋਂ ਸ਼ੁਰੂ ਹੁੰਦਾ ਹੈ। ਕਿਸੇ ਕਵਿਤਾ ਦੀ ਕਲਪਨਾ ਦਾ ਸੰਬੰਧ ਸਾਡੇ ਸਮਾਜਿਕ ਯਥਾਰਥ ਨਾਲ ਹੋਣਾ ਕਵਿਤਾ ਦਾ ਸੁਹਜਾਤਮਕ ਤੱਤ ਹੈ। ਇਸ ਬਾਰੇ ਡਾ. ਰੌਸ਼ਨ ਲਾਲ ਅਹੂਜਾ ਦੀ ਧਾਰਨਾ ਏਥੇ ਪ੍ਰਸਤੁਤ ਕਰਨੀ ਯੋਗ ਹੋਵੇਗੀ :-

*ਕਲਪਨਾ ਰੀਝਾਂ ਦੇ ਬਿੰਬ ਘੜਦੀ ਹੈ। ਇਸ ਨੂੰ ਅੰਗਰੇਜ਼ੀ ਵਿੱਚ ਦਿਨ ਦੇ ਸੁਪਨੇ (Day Dreams) ਕਹਿੰਦੇ ਹਨ। ਜੋ ਸੌਣ ਵੇਲੇ ਦੇ ਸੁਪਨਿਆਂ ਵਾਂਗ ਊਟ ਪਟਾਂਗ ਨਹੀਂ ਹੁੰਦੇ ਪਰ ਇਹ ਅਪੂਰਨ ਅਤੇ ਅਪੂਰਤ ਇੱਛਾਵਾਂ ਦੀਆਂ ਮੂਰਤੀਆਂ ਦੇ ਚਿੱਤਰ ਹੁੰਦੇ ਹਨ। ਇਹ ਇੱਛਤ ਸੁਪਨੇ ਵਿਅਕਤੀਗਤ ਅਤੇ ਸਥਿਤੀਆਂ ਨਾਲ ਬਦਲਦੇ ਰਹਿੰਦੇ ਹਨ। ਭਾਵੇਂ ਕਿੰਨੇ ਹੀ ਵਿਅਕਤੀਗਤ ਕਿਉਂ ਨਾ ਹੋਣ।* [10]

ਇਸ ਸੰਬੰਧ ਵਿੱਚ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ। ਇੱਥੇ ਗੀਤ ਦੀ ਕਵਿਤਾ ਸਵੈ ਤੋਂ ਸਮਾਜਿਕਤਾ ਵੱਲ ਸਫ਼ਰ ਕਰਦੀ ਹੈ :-

*ਜ਼ਖ਼ਮੀ ਹੱਥ 'ਚ*

*ਰਿੰਗ ਫਿੰਗਰ ਨਹੀਂ ਹੁੰਦੀ*

*ਉਸਦੀਆਂ ਉਂਗਲਾਂ*

*ਚਾਹੁੰਦੀਆਂ ਕੱਢਣਾ*

*ਦੁਨੀਆਂ ਨੂੰ*

*ਬਨਾਵਟੀ ਗੋਲ ਰਿੰਗ 'ਚੋਂ* [11]

ਗੁਰਪ੍ਰੀਤ ਦੀ ਕਵਿਤਾ ਕਿਸੇ ਵਿਸ਼ੇ ਬਾਰੇ ਦੋ ਟੂਕ ਰਾਇ ਪ੍ਰਦਾਨ ਨਾ ਕਰਕੇ, ਬਿੰਬਾਂ ਪ੍ਰਤੀਕਾਂ ਦੀ ਸਿਰਜਣਾ ਕਰ ਕਾਵਿ ਮਨੋਰਥ ਦੀ ਪੂਰਤੀ ਕਰਦੀ ਨਜ਼ਰ ਆਉਂਦੀ ਹੈ। ਕਵਿਤਾ ਹਮੇਸ਼ਾ ਮਾਨਵੀ ਕਦਰਾਂ ਕੀਮਤਾਂ, ਹੱਕ ਸੱਚ ਨਿਆਂ ਦੀ ਪੱਖੀ ਹੁੰਦੀ ਹੈ। ਇਹ ਕਵਿਤਾ ਪਾਠਕ ਨੂੰ ਸਮਝ ਸਮਝਾਉਣ ਦੇ ਰਾਹੇ ਨਾ ਪੈ ਕੇ ਆਪਣਾ ਅਕਾਰ ਅਤੇ ਵੱਕਾਰ ਨਿਰਮਿਤ ਕਰਦੀ ਹੈ। ਆਖ਼ਰੀ ਫ਼ੈਸਲਾ ਕਰਨ ਦਾ ਕੰਮ ਪਾਠਕ ਦੀ ਬੌਧਿਕਤਾ ਉਪਰ ਛੱਡ ਦਿੰਦੀ ਹੈ। ਇਹ ਕਵਿਤਾ ਪਾਠਕ ਨੂੰ ਸੋਚਿਆ, ਵਿਚਾਰਿਆ ਹੱਲ ਨਹੀਂ ਦਿੰਦੀ ਸਗੋਂ ਉਸ ਦੀ ਸੋਚ ਨੂੰ ਤੀਖਣ ਸੋਚਣ ਲਈ ਪ੍ਰੇਰਦੀ ਹੈ। ਇਹ ਗੁਰਪ੍ਰੀਤ ਦੀ ਕਵਿਤਾ ਦੀ ਸਿਰਜਣਾਤਮਿਕਤਾ ਦਾ ਮਹੱਤਵਪੂਰਨ ਤੱਤ ਹੈ। ਕਵਿਤਾ ਦੀ ਇਸ ਖ਼ੂਬੀ ਨੂੰ ਡਾ. ਯੋਗਰਾਜ ਇੰਜ ਪਰਿਭਾਸ਼ਿਤ ਕਰਦਾ ਹੈ :-

*ਪਾਠਕ ਨੂੰ ਸਮਝਾਉਣਾ ਜਾਂ ਸੱਚ ਵਿਖਾਉਣਾ ਕਵਿਤਾ ਦੀ ਪਹੁੰਚ ਤੋਂ ਬਾਹਰਲੇ ਵਿਸ਼ੇ ਹਨ। ਕਵਿਤਾ ਸਮਝ ਆਉਣ ਤੋਂ ਪਹਿਲਾਂ ਵੀ ਪੱਲੇ ਪੈ ਸਕਦੀ ਹੈ। ਅਸਪੱਸ਼ਟਤਾ ਕਵਿਤਾ ਦੇ ਸੌਂਦਰਿਆ ਸ਼ਾਸਤਰ ਤਾਂ ਅਨਿੱਖੜ ਅੰਗ ਹੈ। ਇਹ ਕਵਿਤਾ ਦਾ ਇਮਾਨ ਹੈ ਕਿਉਂਕਿ ਕਵਿਤਾ ਦੀ ਭਾਸ਼ਾ ਸਮਰਥਨ ਦੀ ਭਾਸ਼ਾ ਨਹੀਂ ਹੁੰਦੀ।* [12]

ਗੁਰਪ੍ਰੀਤ ਗੀਤ ਦੀ ਕਵਿਤਾ ਇਸ ਧਾਰਨਾ ਲਈ ਪ੍ਰਤੀਬੱਧ ਹੈ ਕਿ ਉਸਦੀ ਕਵਿਤਾ ਪਾਠਕ ਦਾ ਆਪਣੇ ਨਾਲ ਸਹਿਮਤ ਹੋਣਾ ਨਹੀਂ ਲੋਚਦੀ, ਸਗੋਂ ਸੰਕੇਤਕ ਬਿੰਬਾਂ ਰਾਹੀਂ ਬੌਧਿਕ ਮਸ਼ੱਕਤ ਕਰਵਾਉਣ ਦੇ ਰਾਹ ਪਾਉਂਦੀ ਹੈ। ਪਾਠਕ ਦੇ ਵਿਵੇਕ ਨੂੰ ਮੌਲਣ ਜੋਗੀ ਥਾਂ ਛੱਡ ਕੇ ਆਪਣੀ ਹੋਂਦ ਧਾਰਨ ਕਰਦੀ ਹੈ। ਉਸਦੀਆਂ ਅਨੇਕਾਂ ਹੀ ਕਵਿਤਾਵਾਂ ਵਿੱਚ ਇਹ ਖ਼ੂਬੀ ਆਸਾਨੀ ਨਾਲ ਲੱਭੀ ਜਾ ਸਕਦੀ ਹੈ :-

*ਚਾਹ ਦਾ ਕੱਪ*
*ਹੱਸਦਾ*
*ਖਿੱਚਦਾ ਆਪਣੇ ਵੱਲ*
*ਅਸੀਂ ਹੌਲੀ ਹੌਲੀ*
*ਘੁੱਟ ਘੁੱਟ ਕਰਕੇ*
*ਸਾਰੀ ਚਾਹ ਆਪਣੇ ਅੰਦਰ ਡੋਲ ਲੈਂਦੇ ਹਾਂ*
*ਤੇ ਸਾਰੀ ਸੁਸਤੀ*
*ਚਾਹ ਦੇ ਕੱਪ ਅੰਦਰ*
*ਹੁਣ ਖ਼ਾਲੀ ਚਾਹ ਦਾ ਕੱਪ*
*ਉਦਾਸਿਆ ਜਿਹਾ ਝਾਕਦਾ*
*ਅਸੀਂ ਮੂੰਹ ਮੋੜ ਅੱਗੇ ਤੁਰ ਪੈਂਦੇ ਹਾਂ*
*ਅਸੀਂ ਖ਼ਾਲੀ ਹੋਣੋ ਕਿੰਨਾ ਡਰਦੇ ਹਾਂ* [13]

ਸਾਡਾ ਦੌਰ ਗਿਆਨ, ਮਸ਼ੀਨੀਕਰਨ, ਤਕਨੀਕੀ ਸਾਧਨਾਂ ਦੀ ਭਰਮਾਰ ਦਾ ਦੌਰ ਹੈ। ਅਜਿਹੇ ਸਮੇਂ ਮਾਨਵੀ ਜੀਵਨ ਦੇ ਤਤਕਾਲੀ ਸੰਕਟ ਬਹੁਪਰਤੀ ਹਨ ਇਹਨਾਂ ਨੂੰ ਅਭਿਵਿਅਕਤ ਕਰਨ ਲਈ ਅਜੋਕੀ ਕਵਿਤਾ ਨੂੰ ਅਪਣਾ ਮੁਹਾਵਰਾ ਵੀ ਸਮੇਂ ਦੇ ਹਾਣ ਦਾ ਕਰਨਾ ਹੈ। ਗੁਰਪ੍ਰੀਤ ਦੀ ਕਵਿਤਾ ਮਾਨਵੀ ਜੀਵਨ ਦੇ ਗੁੰਝਲਦਾਰ ਸੰਕਟਾਂ ਦੀ ਨਿਸ਼ਾਨਦੇਹੀ ਕਰਨ ਲਈ ਸਮੱਰਥ ਹੈ। ਸਮੁੱਚੀ ਅਜੋਕੀ ਕਵਿਤਾ ਵਿੱਚ ਗੀਤ ਦੀ ਕਵਿਤਾ ਅਜਿਹੇ ਹੀ ਗੁਣਾਂ ਦੀ ਧਾਰਨੀ ਹੈ। ਕਵਿਤਾ ਦੇ ਇਹਨਾਂ ਗੁਣਾਂ ਦਾ ਬਾਰੇ ਡਾ. ਕਰਮਜੀਤ ਸਿੰਘ ਅਤੇ ਡਾ. ਗੁਰੂਮੇਲ ਸਿੱਧੂ ਦੇ ਵਿਚਾਰ ਵੇਖੇ ਜਾ ਸਕਦੇ ਹਨ :-

*ਨਿੱਤ ਪਸਰ ਦੇ ਗਿਆਨ ਦੇ ਦਿਸਹੱਦਿਆਂ ਕਰਕੇ ਸਦੀਵੀ ਮਨੁੱਖੀ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਦੇ ਧਰਵਾਸੇ ਤੋਂ ਵਿਛੁੰਨੇ ਜਾਣਾ, ਕੁਝ ਅਜਿਹੇ ਮਹੱਤਵਪੂਰਨ ਤੱਥ ਹਨ, ਜਿਨਾਂ ਨੇ ਆਧੁਨਿਕ ਮਨੁੱਖ ਦੇ ਪੈਰਾਂ ਹੇਠੋਂ ਸਥਾਈ ਕਦਰਾਂ ਕੀਮਤਾਂ ਅਤੇ ਇਹਨਾਂ ਤੋਂ ਪੈਦਾ ਹੋਣ ਵਾਲੇ ਆਤਮ ਵਿਸ਼ਵਾਸ ਦੀ ਧਰਤੀ ਹੀ ਖਿਸਕਾ ਦਿੱਤੀ। ਇਸ ਦੇ ਫਲਸਰੂਪ ਆਧੁਨਿਕ ਕਵੀ ਦਾ ਰਚਨਾ ਜਗਤ ਸਮੂਹ ਨਾਲ ਸੰਵਾਦ ਸਥਾਪਿਤ ਕਰਨ ਦੀ ਬਜਾਏ ਨਾ ਕੇਵਲ ਵਿਅਕਤੀ ਮੁੱਖ ਅਭਿਵਿਅੰਜਨ ਸ਼ੈਲੀਆਂ ਵੱਲ ਰੁਚਿਤ ਹੋਇਆ ਹੈ। ਸਗੋਂ ਆਧੁਨਿਕ ਜੀਵਨ ਦੀ ਖਿਡਾਊ ਪ੍ਰਕਿਰਤੀ ਨੂੰ ਇਸ ਦੀ ਸਮੱਗਰਤਾ ਵਿੱਚ ਗ੍ਰਹਿਣ ਅਤੇ ਅਭਿਵਿਅਕਤ ਕਰਨ ਦੀ ਰਚਨਾਤਮਕ ਜਗਿਆਸਾ ਨੇ ਉਸਦੇ ਰਚਨਾਕਾਰ ਅਤੇ ਕਾਵਿਕ ਮੁਹਾਵਰੇ ਨੂੰ ਜਟਿਲ ਅਤੇ ਅਸਪੱਸ਼ਟ ਅਥਵਾ ਧੁੰਦਲਾ ਬਣਾ ਦਿੱਤਾ ਹੈ।* [14]

*ਆਧੁਨਿਕ ਤਕਨੀਕੀ ਯੁੱਗ ਵਿੱਚ ਕਿਸੇ ਕਵੀ ਦਾ ਨਿਰੋਲ ਭਾਵੁਕ ਹੋਣਾ ਵਾਰਾ ਨਹੀਂ ਖਾਂਦਾ ਕਿਉਂਕਿ ਸਮਕਾਲੀ ਅਕਲ ਦੇ ਧਰਾਤਲ ਤੇ ਵਿਚਰਨ ਦੀ ਦੌੜ ਵਿੱਚ ਮਨੁੱਖ ਆਪਣਾ ਸਮਾਜਿਕ ਤੇ ਪਰਿਆਵਰਣਕ ਸੰਤੁਲਨ (Ecological Balance) ਗੁਆ ਬੈਠਾ ਹੈ। ਜਿਸ ਦੇ ਪ੍ਰਤੀਕਰਮ ਵਜੋਂ ਉਸ ਦਾ ਪ੍ਰਤੱਖ ਗਿਆਨ ਸੁਭਾਵਕ ਨਾ ਹੁੰਦਾ ਹੋਇਆ ਕਾਣਸੂਤਾ ਹੋ ਗਿਆ ਹੈ।* [15]

ਗੁਰਪ੍ਰੀਤ ਗੀਤ ਦੀ ਕਵਿਤਾ ਸਾਡੇ ਅਜੋਕੇ ਸੱਚ ਦੇ ਰੂ-ਬ-ਰੂ ਹੋਣ ਦੀ ਜਾਂਚ ਜਾਣਦੀ ਹੈ। ਉਸਦੀ ਕਵਿਤਾ ਸਿੱਧ ਪੱਧਰਾ ਬਿਆਨ ਕਰਨ ਤੋਂ ਗੁਰੇਜ਼ ਕਰਦੀ ਹੈ। ਉਸਦੇ ਭਾਵ ਬਿੰਬਾਂ ਪ੍ਰਤੀਕਾਂ ਦੀ ਬੋਲੀ ਤਹਿਤ ਪੇਸ਼ ਹੁੰਦੇ ਹਨ। ਸਮੇਂ ਦੀ ਜ਼ਰੂਰਤ ਅਨੁਸਾਰ ਇਹ ਕਵਿਤਾ ਆਪਣੇ ਮੁਹਾਵਰੇ ਨੂੰ ਉਸਦੇ ਅਨੁਕੂਲ ਕਰ ਲੈਂਦੀ ਹੈ। ਅਜਿਹਾ ਕਰਕੇ ਇਹ ਕਵਿਤਾ ਅਜੋਕੇ ਸੰਕਟ ਦੀਆਂ ਤੈਹਾਂ ਤੱਕ ਪਹੁੰਚਣ ਵਿੱਚ ਸਫ਼ਲ ਹੁੰਦੀ ਹੈ। ਪਹਿਲੀ ਨਜ਼ਰੇ ਇਹ ਕਵਿਤਾ ਅਸਪੱਸ਼ਟ ਅਤੇ ਗੁੰਝਲਦਾਰ ਮਹਿਸੂਸ ਹੁੰਦੀ ਹੈ। ਪਰ ਅਜੋਕੇ ਸੰਕਟਾਂ ਦੀ ਵਿਆਖਿਆ ਕਰਨ ਲਈ ਕਵਿਤਾ ਦਾ ਗੁੰਝਲਦਾਰ ਅਤੇ ਅਸਪੱਸ਼ਟ ਹੋਣਾ ਅਨਿਵਾਰੀ ਤੱਤ ਹੈ। ਗੁਰਪ੍ਰੀਤ ਗੀਤ ਦੀ ਇੱਕ ਕਵਿਤਾ ਇਸ ਸੰਦਰਭ ਵਿੱਚ ਵੇਖੀ ਜਾ ਸਕਦੀ ਹੈ :-

*ਸੋਹਣੇ ਸੁਪਨੇ ਜੂਨ ਬਦਲ ਦਿੰਦੇ ਹਨ*
*ਤੇ ਅਪਾਹਜ ਸੁਪਨੇ ਨੈਣ*
*ਮੈਂ ਕਦੇ ਚੰਨ ਤੇ ਤਾਰੀਆਂ ਲਾਈਆਂ*
*ਕਦੇ ਸੜਕਾਂ ਤੇ ਰੁੜੀ*
*ਚੰਨ ਡੰਡੇ ਨਾਲ ਹੱਕਣ ਵਾਲਾ ਟਾਇਰ*
*ਜਿੰਨਾ ਹੱਕ ਸਕਦੀ ਸੀ ਹੱਕਿਆ*
*ਹੁਣ ਡੰਡਾ ਹੱਥੋਂ ਛੁੱਟ ਰਿਹਾ*
*ਟਾਇਰ ਦਾ ਕਾਲਾ ਰੰਗ*
*ਫ਼ੈਲ ਰਿਹਾ ਅੱਖਾਂ ਅੰਦਰ*
*ਅਜੀਬ ਰੌਸ਼ਨੀ ਹੈ ਹਨੇਰ ਦੀ* [16]

ਗੁਰਪ੍ਰੀਤ ਗੀਤ ਅਜੋਕੇ ਦੌਰ ਦੀ ਕਵਿੱਤਰੀ ਹੈ। ਅਜੋਕੀ ਪੰਜਾਬੀ ਕਵਿਤਾ ਵਿਭਿੰਨ ਪ੍ਰਕਾਰ ਦੇ ਚਿੰਤਨ ਤੋਂ ਪ੍ਰਭਾਵਿਤ ਹੈ। ਉਥੇ ਹੀ ਨਾਰੀਵਾਦ ਇਸ ਦੌਰ ਦਾ ਇੱਕ ਹੋਰ ਮਹੱਤਵਪੂਰਨ ਚਿੰਤਨ ਹੈ ਜੋ ਔਰਤ ਦੀ ਸੁਤੰਤਰ ਜਾਂ ਬਰਾਬਰੀ

ਵਾਲੀ ਹੋਂਦ ਦੀ ਕਲਪਨਾ ਕਰਦਾ ਹੈ। ਇਹ ਸੰਕਲਪ ਲਿੰਗ ਅਧਾਰਿਤ ਪੱਖਪਾਤ ਤੋਂ ਉਪਰ ਉੱਠ ਕੇ ਸੰਤੁਲਿਤ ਸਮਾਜ ਸਿਰਜਣ ਦਾ ਸਮੱਰਥਕ ਹੈ। ਗੁਰਪ੍ਰੀਤ ਗੀਤ ਦਾ ਨਾਰੀ ਕਵੀ ਹੋਣ ਕਰਕੇ ਉਸਦੀ ਕਵਿਤਾ ਵਿੱਚ ਨਾਰੀ ਚਿੰਤਨ ਦੀਆਂ ਪਰਤਾਂ ਵੇਖੀਆਂ ਜਾ ਸਕਦੀਆਂ ਹਨ। ਪਰ ਗੀਤ ਇਸ ਨਾਰੀ ਚਿੰਤਨ ਦੀ ਸੁਰ ਪਰੰਪਰਾਗਤ ਅਰਥਾਂ ਤੋਂ ਉਧਰਿਤ ਨਹੀਂ ਹੈ। ਗੁਰਪ੍ਰੀਤ ਗੀਤ ਦੀ ਨਾਰੀਵਾਦੀ ਪਹੁੰਚ ਪਰੰਪਰਾਗਤ ਲੀਹਾਂ ਤੋਂ ਹਟ ਕੇ ਹੈ। ਆਮ ਧਾਰਨਾ ਅਨੁਸਾਰ ਨਾਰੀਵਾਦ ਨੂੰ ਮਰਦ ਦੀ ਖ਼ਿਲਾਫ਼ਤ ਦਾ ਚਿੰਤਨ ਹੀ ਸਮਝਿਆ ਗਿਆ ਹੈ। ਇਸੇ ਪਰੰਪਰਾਗਤ ਸਮਝ ਨੂੰ ਹੇਠ ਲਿਖੀ ਧਾਰਨਾ ਨਾਲ ਵਧੇਰੇ ਸਪੱਸ਼ਟਤਾ ਨਾਲ ਸਮਝਿਆ ਜਾ ਸਕਦਾ ਹੈ :-

> *ਨਾਰੀ ਵੱਲੋਂ ਰਚਿਆ ਹਰ ਸ਼ਬਦ ਨਾਰੀਵਾਦੀ ਨਹੀਂ ਹੈ। ਜੋ ਸੋਚਵਾਨ ਸਵੀਕਾਰ ਕਰਦੇ ਹਨ ਕਿ ਨਾਰੀ ਦੁਆਰਾ ਲਿਖਿਆ ਹਰ ਸ਼ਬਦ ਨਾਰੀਵਾਦੀ ਹੈ ਅਤੇ ਉਹ ਨਾਰੀ ਮੁਕਤੀ ਦਾ ਪ੍ਰਵਚਨ ਹੈ ਤਾਂ ਇਸਦਾ ਦੂਸਰਾ ਅਰਥ ਇਹ ਵੀ ਬਣਦਾ ਹੈ ਕਿ ਮਰਦ ਵੱਲੋਂ ਰਚਿਆ ਹਰ ਸ਼ਬਦ ਪਿਤਰਕੀ ਦਾ ਸ਼ਬਦ ਹੈ ਜੋ ਨਾਰੀ ਲਈ ਦਾਬੇ ਦਮਨ ਅਤੇ ਗ਼ੁਲਾਮੀ ਲਈ ਕਿਰਿਆਸ਼ੀਲ ਹੈ। ਇਸ ਕਰਕੇ ਇਸ ਮਿੱਥ ਨੂੰ ਤੋੜਨਾ ਬਹੁਤ ਜਰੂਰੀ ਹੈ ਤਾਂ ਜੋ ਵਿਗਿਆਨ ਅਤੇ ਬਾਹਰਮੁਖੀ ਪਰਿਪੇਖ ਵਿੱਚ ਇਸ ਵਰਤਾਰੇ ਨੂੰ ਸਮਝਿਆ ਜਾ ਸਕੇ।* [17]

ਗੁਰਪ੍ਰੀਤ ਗੀਤ ਦੀ ਕਵਿਤਾ ਮਰਦ ਬਨਾਮ ਔਰਤ ਦੀ ਮਿੱਥ ਨੂੰ ਤੋੜ ਕੇ ਨਾਰੀ ਮੁਕਤੀ ਦਾ ਪ੍ਰਵਚਨ ਸਿਰਜਦੀ ਹੈ। ਉਹ ਇਸ ਅਧੀਨਤਾ ਦਾ ਦੋਸ਼ੀ ਮਰਦ ਨੂੰ ਨਹੀਂ ਠਹਿਰਾਉਂਦੀ ਸਗੋਂ ਆਪਣੇ ਸੰਘਰਸ਼ ਰਾਹੀਂ ਬਰਾਬਰਤਾ ਦਾ ਹੱਕ ਪ੍ਰਾਪਤ ਕਰਨਾ ਲੋਚਦੀ ਹੈ। ਇਹ ਕਵਿਤਾ ਔਰਤਾਂ ਦੀ ਜੀਵਨ ਸ਼ੈਲੀ ਦਾ ਕਰੁਣਾਮਈ ਚਿੱਤਰ ਪੇਸ਼ ਕਰਦੀ ਹੈ। ਉਸ ਦੀਆਂ ਕੁਝ ਕਵਿਤਾਵਾਂ ਨੂੰ ਇਸ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ :-

*ਕੁਝ ਕੁੜੀਆਂ ਹੁੰਦੀਆਂ*
*ਦੀਵਾਰ 'ਚ ਲੱਗੀ ਮੇਖ ਵਰਗੀਆਂ*
*ਕਿਸੇ ਤਸਵੀਰ ਜਾਂ ਡਰੀਮ ਕੈਚਰ ਦਾ ਭਾਰ ਸਹਿੰਦੀ*
*ਟਿਕੀ ਰਹਿੰਦੀ ਹੈ ਮੇਖ*
*ਇਕ ਚੁੱਪ ਮੈਂ ਸੁੱਖ ਦਾ ਜਾਪ ਕਰਦੀਆਂ*
*ਕੁਝ ਕੁੜੀਆਂ ਘਾਹ ਦੀ ਸ਼ੁੱਧ ਜੂਨ ਹੁੰਦੀਆਂ*
*ਉਗਦੀਆਂ*
*ਜਿਉਂਦੀਆਂ*
*ਹੋਂਦ ਨੂੰ ਫ਼ੈਲਣ ਦਿੰਦੀਆਂ*
*ਕੱਚ ਦੀ ਬਣੀ*
*ਜ਼ਿੰਦਗੀ 'ਚ ਛੇਕ ਕਰਦੀਆਂ* [18]

ਸਮੁੱਚੇ ਤੌਰ 'ਤੇ ਗੁਰਪ੍ਰੀਤ ਗੀਤ ਅਜੋਕੇ ਸਮੇਂ ਦੀ ਅਜਿਹੀ ਕਵਿੱਤਰੀ ਹੈ, ਜਿਸਨੇ ਇਸ ਸਮੇਂ ਦੇ ਸੱਚ ਦੇ ਆਰ-ਪਾਰ ਵੇਖਣ ਵਾਲੀ ਕਵਿਤਾ ਨੂੰ ਸਿਰਜਿਆ ਹੈ। ਜ਼ਿੰਦਗੀ ਦੇ ਗੁੰਝਲਦਾਰ ਪਹਿਲੂਆਂ ਨੂੰ ਆਮ ਦ੍ਰਿਸ਼ਾਂ ਵਿੱਚੋਂ ਮੂਰਤੀਮਾਨ ਕਰਨਾ ਇਸ ਕਵਿਤਾ ਦੀ ਖ਼ੂਬੀ ਹੈ। ਗੁਰਪ੍ਰੀਤ ਗੀਤ ਦੀ ਕਵਿਤਾ ਪੇਚੀਦਾ ਮਸਲਿਆਂ ਦੀ ਗੱਲ ਕਰਨ ਵੇਲੇ ਆਪਣਾ ਮੁਹਾਵਰਾ ਸਰਲ ਹੀ ਬਣਾ ਰੱਖਦੀ ਹੈ। ਗੁਰਪ੍ਰੀਤ ਗੀਤ ਅਜੋਕੇ ਸਮੇਂ ਦੀ ਨਵੇਂ ਮੁਹਾਂਦਰੇ ਨਾਲ ਕਵਿਤਾ ਰਚਨ ਵਾਲੀ ਵਿਲੱਖਣ ਹਸਤਾਖ਼ਰ ਹੈ। ਇਹ ਕਵਿਤਾ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਅਪਣੇ ਭਾਸ਼ਾਈ ਅਤੇ ਵਿਚਾਰਧਾਰਾਈ ਵਿਲੱਖਣਤਾਵਾਂ ਸਮੇਤ ਦਰਜ ਹੋ ਚੁੱਕੀ ਹੈ। ਪਰ ਇਸ ਕਵਿਤਾ ਦੀਆਂ ਸੀਮਾਵਾਂ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਜਿਵੇਂ ਕਿ ਇਹ ਕਵਿਤਾ ਵਿੱਚ ਅੰਗਰੇਜ਼ੀ ਦੇ ਸ਼ਬਦਾਂ ਦਾ ਵਰਤੋਂ ਮਿਲਦੀ ਹੈ ਜੋ ਇਸਦੇ ਸੁਹਜ ਦੇ ਵਹਾਅ ਵਿੱਚ ਬੰਧਨ ਬਣਦੇ ਹਨ। ਇਹ ਕਵਿਤਾ ਅੰਤਰਮੁਖੀ ਪ੍ਰਵਿਰਤੀ ਦਾ ਹੋਣ ਕਰਕੇ ਅਜੋਕੇ ਸਮਾਜਿਕ, ਰਾਜਨੀਤਕ ਵਿਗਾੜਾਂ ਉੱਪਰ ਅੰਸ਼ਿਕ ਰੂਪ ਵਿੱਚ ਹੀ ਗੱਲ ਕਰਦੀ ਹੈ। ਇਸ ਸਭ ਕਾਸੇ ਦੇ ਬਾਵਜੂਦ ਇਹ ਕਵਿਤਾ ਪੰਜਾਬੀ ਗੁਰਪ੍ਰੀਤ ਗੀਤ ਦੀ ਨਹੀਂ ਸਗੋਂ ਪੰਜਾਬੀ ਕਵਿਤਾ ਦੀ ਪ੍ਰਾਪਤੀ ਹੈ।

## *ਹਵਾਲੇ ਅਤੇ ਟਿੱਪਣੀਆਂ*

1. *ਅਤਰ ਸਿੰਘ, ਕਾਵਿ ਅਧਿਅਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1990, ਪੰਨਾ: 37*
2. *ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: ਭੂਮਿਕਾ*

3. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 49
4. ਜਸਵੀਰ ਸਿੰਘ ਆਹਲੂਵਾਲੀਆ ਸੰਪਾ. , ਪੰਜਾਬੀ ਆਲੋਚਨਾ ਇਕ ਪਰਿਚਯ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2001, ਪੰਨਾ: 1
5. ਹਰਿਭਜਨ ਸਿੰਘ, ਸਾਹਿਤ ਵਿਗਿਆਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2020, ਪੰਨਾ: 34
6. ਪਰਮਿੰਦਰ ਸੋਢੀ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: ਪੁਸਤਕ ਦੀ ਅੰਤਿਕਾ ਵਿੱਚੋਂ
7. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 72
8. ਡਾ. ਸੁਖਦੇਵ ਸਿੰਘ, ਪੰਜਾਬੀ ਕਵਿਤਾ ਪੁਨਰ ਸੰਵਾਦ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1999, ਪੰਨਾ: 128
9. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 59
10. ਰੋਸ਼ਨ ਲਾਲ ਆਹੂਜਾ, ਸੁਹਜ ਸ਼ਾਸਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2023, ਪੰਨਾ: 132
11. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 52
12. ਡਾ. ਯੋਗਰਾਜ, ਨਵੀ ਪੰਜਾਬੀ ਸ਼ਾਇਰੀ ਸਮਕਾਲੀ ਸੰਦਰਭ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014, ਪੰਨਾ: 201
13. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 40
14. ਡਾ. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਰਾਵਾਂ ਦੇ ਵਿਚਾਰਧਾਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2015, ਪੰਨਾ: 46
15. ਗੁਰੂਮੇਲ ਸਿੱਧੂ, ਖੁੱਲੀ ਕਵਿਤਾ ਦੇ ਮਾਪਦੰਡ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2008, ਪੰਨਾ: 210
16. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 19
17. ਡਾ. ਸਰਬਜੀਤ ਸਿੰਘ, ਸ਼ਬਦ ਅਤੇ ਸਮਾਜਿਕਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2024, ਪੰਨਾ: 191
18. ਗੁਰਪ੍ਰੀਤ ਗੀਤ, ਸੁਪਨਿਆਂ ਦੇ ਦਸਤਖ਼ਤ, ਸੂਰਜਾਂ ਦੇ ਵਾਰਿਸ ਪ੍ਰਕਾਸ਼ਨ, ਪਟਿਆਲਾ, ਪੰਨਾ: 56